

# ਮੱਛੀ ਪਾਲਣ ਵਿਭਾਗ



ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਮੱਛੀ ਪਾਲਣ ਦੇ ਧੰਦੇ ਨੂੰ ਉਤਸ਼ਾਹਿਤ ਕਰਨ ਲਈ ਭਾਰਤ ਸਰਕਾਰ ਦੀ ਮਦਦ ਨਾਲ ਮੱਛੀ ਪਾਲਕ ਵਿਕਾਸ ਏਜੰਸੀ (ਫਿਸ਼ ਫਾਰਮਿੰਗ ਡਿਵੈਲਪਮੈਂਟ ਏਜੰਸੀ) ਦੀ ਸਥਾਪਨਾ ਕੀਤੀ ਗਈ ਹੈ। ਜਿਸ ਦਾ ਮੁੱਖ ਮੰਤਵ ਮੱਛੀ ਕਾਸ਼ਤ ਦੇ ਧੰਦੇ ਨੂੰ ਪ੍ਰਚਲਤ ਕਰਨਾ ਅਤੇ ਮੱਛੀ ਕਾਸ਼ਤ ਯੋਗ ਖੇਤਰ ਤੋਂ ਵੱਧ ਤੋਂ ਵੱਧ ਮੱਛੀ ਪੈਦਾ ਕਰਨਾ, ਮੱਛੀ ਕਾਸ਼ਤ ਦੇ ਧੰਦੇ ਨੂੰ ਆਧੁਨਿਕ ਤਕਨੀਕੀ ਤੌਰ ਤਰੀਕਿਆਂ ਨਾਲ ਲੋਕਪ੍ਰਿਯਾ ਬਨਾਉਣਾ। ਮੱਛੀ ਕਾਸ਼ਤ ਸਬੰਧੀ ਟਰੇਨਿੰਗ ਦੇ ਕੇ ਲੋਕਾਂ ਨੂੰ ਮੱਛੀ ਕਾਸ਼ਤ ਰਾਹੀਂ ਰੋਜ਼ਗਾਰ ਦੇ ਵਸੀਲੇ ਉਪਲੱਬਧ ਕਰਾਉਣ ਅਤੇ ਪਿੰਡਾਂ ਦੇ ਆਰਥਿਕ ਸੁਧਾਰ ਵੱਲ ਯੋਗਦਾਨ ਦੇਣਾ ਹੈ। ਜ਼ਿਲ੍ਹੇ ਵਿੱਚ ਏਜੰਸੀ ਦਾ ਕੰਮ ਸਹਾਇਕ ਡਾਇਰੈਕਟਰ/ਵਾਇਸ ਚੇਅਰਮੈਨ ਮੱਛੀ ਪਾਲਕ ਵਿਕਾਸ ਏਜੰਸੀ ਦੀ ਨਿਗਰਾਨੀ ਹੇਠ ਮੁੱਖ ਕਾਰਜਕਾਰੀ ਅਫ਼ਸਰ ਦੁਆਰਾ ਅਮਲ ਵਿੱਚ ਲਿਆਂਦਾ ਜਾਂਦਾ ਹੈ। ਮੁੱਖ ਕਾਰਜਕਾਰੀ ਅਫ਼ਸਰ ਦੀ ਸਹਾਇਤਾ ਵਾਸਤੇ ਮੱਛੀ ਪ੍ਰਸਾਰ ਦੇ ਕੰਮ ਲਈ ਮੱਛੀ ਪ੍ਰਸਾਰ ਅਫ਼ਸਰ ਅਤੇ ਮੱਛੀ ਪੂੰਗ ਦੇ ਉਤਪਾਦਨ ਲਈ ਫਾਰਮ ਸੁਪਰਡੈਂਟ ਤਾਇਨਾਤ ਹਨ। ਮੱਛੀ ਪਾਲਕ ਵਿਕਾਸ ਏਜੰਸੀ ਦਾ ਦਫ਼ਤਰ ਮਾਨਵਤਾ ਨਗਰ, ਪ੍ਰੇਮਗੜ੍ਹ ਰੋਡ, ਹੁਸ਼ਿਆਰਪੁਰ ਵਿਖੇ ਸਥਿਤ ਹੈ। ਮੱਛੀ ਪਾਲਕ ਵਿਕਾਸ ਏਜੰਸੀ ਵਲੋਂ ਹੇਠ ਲਿਖੇ ਅਨੁਸਾਰ ਮੱਛੀ ਪਾਲਣ ਸਬੰਧੀ ਸਹੂਲਤਾਂ ਮੱਛੀ ਕਾਸ਼ਤਕਾਰਾਂ ਨੂੰ ਦਿੱਤੀਆਂ ਜਾਂਦੀਆਂ ਹਨ :-

**ਮੱਛੀ ਪਾਲਣ ਸਬੰਧੀ ਸਿਖਲਾਈ**

ਮੱਛੀ ਪਾਲਣ ਦਾ ਕੰਮ ਕਰਨ ਵਾਲੇ ਚਾਹਵਾਨ ਵਿਅਕਤੀਆਂ ਨੂੰ ਮੱਛੀ ਪਾਲਣ ਸਬੰਧੀ ਮੁੱਢਲਾ ਗਿਆਨ ਦੇਣ ਲਈ ਹਰ ਮਹੀਨੇ 5 ਦਿਨਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ।

**ਬੈਂਕ ਤੋਂ ਕਰਜ਼ਾ**

ਨਵੇਂ ਛੱਪੜ ਦੀ ਪੁਟਾਈ ਜਾਂ ਪਿੰਡਾਂ ਦੇ ਛੱਪੜਾਂ/ਨੀਵੀਆਂ ਥਾਵਾਂ ਦੇ ਸੁਧਾਰ ਕਰਕੇ ਮੱਛੀ ਪਾਲਣ ਦਾ ਛੱਪੜ ਤਿਆਰ ਕਰਨ ਵਾਸਤੇ ਬੈਂਕਾਂ ਤੋਂ ਅਸਾਨ ਕਿਸ਼ਤਾਂ ਤੇ ਕਰਜ਼ੇ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇੱਕ ਹੈਕਟੇਅਰ ਨਵੇਂ ਛੱਪੜ ਦੀ ਪੁਟਾਈ ਅਤੇ ਟਿਊਬਵੈੱਲ ਵਾਸਤੇ 2,33,000/- ਰੁਪਏ ਦਾ ਕਰਜ਼ਾ ਅਤੇ ਪੁਰਾਣੇ ਛੱਪੜ ਦੇ ਸੁਧਾਰ ਲਈ 70000/- ਰੁਪਏ ਦਾ ਕਰਜ਼ਾ ਬੈਂਕਾਂ ਪਾਸੋਂ ਦਿਵਾਇਆ ਜਾਂਦਾ ਹੈ।

**ਸਬਸਿਡੀ**

ਮੱਛੀ ਪਾਲਣ ਵਿਭਾਗ ਵਲੋਂ ਮੱਛੀ ਪਾਲਕ ਕਿਸਾਨਾਂ ਦੀ ਸਹੂਲਤ ਲਈ ਹੇਠ ਲਿਖੇ ਅਨੁਸਾਰ ਸਬਸਿਡੀ ਦੇਣ ਦਾ ਪ੍ਰਬੰਧ ਹੈ :-

1. ਇੱਕ ਹੈਕਟੇਅਰ ਨਵੇਂ ਛੱਪੜ ਦੀ ਉਸਾਰੀ ਅਤੇ ਟਿਊਬਵੈੱਲ ਵਾਸਤੇ 20 ਪ੍ਰਤੀਸ਼ਤ ਵੱਧ ਤੋਂ ਵੱਧ 40000/- ਰੁਪਏ ਸਬਸਿਡੀ ਦੇਣ ਦਾ ਪ੍ਰਬੰਧ ਹੈ। ਅਨੁਸੂਚਿਤ ਜਾਤੀ ਦੇ ਮੱਛੀ ਕਾਸ਼ਤਕਾਰਾਂ ਵਾਸਤੇ 50000/- ਰੁਪਏ ਸਬਸਿਡੀ ਦੇਣ ਦਾ ਪ੍ਰਬੰਧ ਹੈ।

2. ਇਕ ਹੈਕਟੇਅਰ ਪੁਰਾਣੇ ਛੱਪੜ ਦੇ ਸੁਧਾਰ ਵਾਸਤੇ 25 ਪ੍ਰਤੀਸ਼ਤ ਵੱਧ ਤੋਂ ਵੱਧ 12000/- ਰੁਪਏ ਸਬਸਿਡੀ ਆਮ ਮੱਛੀ ਕਿਸਾਨਾਂ ਵਾਸਤੇ ਅਤੇ ਅਨੁਸੂਚਿਤ ਜਾਤੀ ਦੇ ਕਿਸਾਨਾਂ ਵਾਸਤੇ 15000/- ਰੁਪਏ ਸਬਸਿਡੀ ਦੇਣ ਦਾ ਪ੍ਰਬੰਧ ਹੈ।

3. ਪਹਿਲੇ ਸਾਲ ਇੱਕ ਹੈਕਟੇਅਰ ਛੱਪੜ ਵਾਸਤੇ ਇਨਪੁਟਸ ਆਦਿ ਦੀ ਸਬਸਿਡੀ ਵਜੋਂ 20 ਪ੍ਰਤੀਸ਼ਤ ਵੱਧ ਤੋਂ ਵੱਧ 6000/- ਰੁਪਏ, ਆਮ ਕਿਸਾਨ ਅਤੇ ਅਨੁਸੂਚਿਤ ਜਾਤੀ ਦੇ ਕਿਸਾਨਾਂ ਵਾਸਤੇ ਇਹ ਰਕਮ

25 ਪ੍ਰਤੀਸ਼ਤ ਵੱਧ ਤੋਂ ਵੱਧ 7500/- ਰੁਪਏ ਹੈ।

4. ਇਕ ਏਰੀਏਟਰ ਸੈਟ/ਪੰਪ ਸੈਟ ਵਾਲੇ ਏਰੀਏਟਰ ਤੇ 25 ਪ੍ਰਤੀਸ਼ਤ ਵੱਧ ਤੋਂ ਵੱਧ 12500/- ਰੁਪਏ ਸਬਸਿਡੀ ਹਰ ਮੱਛੀ ਪਾਲਕ ਕਿਸਾਨ ਵਾਸਤੇ ਦੇਣ ਦਾ ਪ੍ਰਬੰਧ ਹੈ।

5. ਮੱਛੀ ਪਾਲਣ ਨਾਲ ਸਾਂਝੇ ਧੰਦਿਆਂ ਵਾਸਤੇ ਜਿਵੇਂ ਮੁਰਗੀ ਪਾਲਣ, ਸੂਰ ਪਾਲਣ ਅਤੇ ਬੱਤਖਾਂ ਪਾਲਣ ਆਦਿ ਲਈ 20% ਵੱਧ ਤੋਂ ਵੱਧ 16000/- ਰੁਪਏ ਪ੍ਰਤੀ ਹੈਕਟੇਅਰ ਆਮ ਕਿਸਾਨਾਂ ਵਾਸਤੇ ਅਤੇ 25% ਵੱਧ ਤੋਂ ਵੱਧ 20000/- ਰੁਪਏ ਅਨੁਸੂਚਿਤ ਜਾਤੀ ਦੇ ਮੱਛੀ ਕਾਸ਼ਤਕਾਰਾਂ ਵਾਸਤੇ ਸਬਸਿਡੀ ਦੇਣ ਦਾ ਪ੍ਰਬੰਧ ਹੈ।

**ਮੱਛੀ ਪਾਲਣ ਦਾ ਉਤਪਾਦਨ ਅਤੇ ਸਪਲਾਈ**

ਮੱਛੀ ਪਾਲਕ ਵਿਕਾਸ ਏਜੰਸੀ, ਹੁਸ਼ਿਆਰਪੁਰ ਪਾਸ ਪਾਲਣ ਯੋਗ ਮੱਛੀਆਂ ਦਾ ਪੂੰਗ ਤਿਆਰ ਕਰਨ ਲਈ ਮੱਛੀ ਪੂੰਗ ਫਾਰਮ ਹਰਿਆਣਾ ਵਿਖੇ ਸਥਿਤ ਹੈ। ਜਿਸ ਦਾ ਰਕਬਾ 11.00 ਹੈਕਟੇਅਰ ਹੈ। ਪਾਲਣ ਯੋਗ ਕਿਸਮਾਂ ਦਾ ਮੱਛੀ ਪੂੰਗ 100/- ਰੁਪਏ ਪ੍ਰਤੀ ਹਜ਼ਾਰ ਦੇ ਹਿਸਾਬ ਨਾਲ ਸਪਲਾਈ ਕੀਤਾ ਜਾਂਦਾ ਹੈ। ਕਾਮਨ ਕਾਰਪ ਦਾ ਮੱਛੀ ਪੂੰਗ ਮਾਰਚ ਦੇ ਦੂਜੇ ਹਫ਼ਤੇ ਤੋਂ ਮਿਲਣਾ ਸ਼ੁਰੂ ਹੋ ਜਾਂਦਾ ਹੈ। ਗਰਾਸ ਕਾਰਪ ਦਾ ਪੂੰਗ ਮਈ ਮਹੀਨੇ ਤੋਂ ਉਪਲੱਬਧ ਹੋ ਜਾਂਦਾ ਹੈ ਅਤੇ ਬਾਕੀ ਕਿਸਮਾਂ ਜਿਵੇਂ ਕਤਲਾ, ਰੋਹੂ, ਮਿਰਗਲ, ਸਿਲਵਰ ਕਾਰਪ ਦਾ ਮੱਛੀ ਪੂੰਗ ਜੂਨ ਮਹੀਨੇ ਤੇ ਸਤੰਬਰ ਦੇ ਦੂਜੇ ਹਫਤੇ ਤੱਕ ਉਪਲੱਬਧ ਰਹਿੰਦਾ ਹੈ।

**ਤਕਨੀਕੀ ਰਾਏ**

ਮੱਛੀ ਪਾਲਣ ਸਬੰਧੀ ਤਕਨੀਕੀ ਰਾਏ ਅਤੇ ਹੋਰ ਜਾਣਕਾਰੀ ਲਈ ਮੁੱਖ ਕਾਰਜਕਾਰੀ ਅਫ਼ਸਰ, ਮੱਛੀ ਪਾਲਕ ਵਿਕਾਸ ਏਜੰਸੀ, ਹੁਸ਼ਿਆਰਪੁਰ/ਸਹਾਇਕ ਡਾਇਰੈਕਟਰ, ਮੱਛੀ ਪਾਲਣ, ਹੁਸ਼ਿਆਰਪੁਰ ਜਾਂ ਮੱਛੀ ਪਾਲਣ ਅਫ਼ਸਰ, ਗੜ੍ਹਸ਼ੰਕਰ, ਮੁਕੇਰੀਆਂ, ਦਸੂਹਾ ਜਾਂ ਹੁਸ਼ਿਆਰਪੁਰ ਅਤੇ ਫਾਰਮ ਸੁਪਰਡੈਂਟ, ਮੱਛੀ ਪੂੰਗ ਫਾਰਮ ਹਰਿਆਣਾ (ਹੁਸ਼ਿਆਰਪੁਰ) ਮੱਛੀ ਪ੍ਰਸਾਰ ਅਫ਼ਸਰ, ਹੁਸ਼ਿਆਰਪੁਰ ਨਾਲ ਸੰਪਰਕ ਕਾਇਮ ਕੀਤਾ ਜਾ ਸਕਦਾ ਹੈ।